**ਇੰਡੀਆ ਫਾਊਂਡੇਸ਼ਨ ਫਾਰ ਦਿ ਆਰਟਸ (ਆਈ.ਐਫ.ਏ.)**

**ਆਰਟਸ ਪ੍ਰੈਕਟਿਸ ਪ੍ਰੋਗਰਾਮ** ਤਹਿਤ

**ਆਰਟਸ ਪਲੈਟਫੌਰਮਜ (ਕਲਾ ਮੰਚ)**

ਲਈ ਅਰਜ਼ੀਆਂ ਦਾ ਸੱਦਾ ਦਿੰਦਾ ਹੈ

**ਅਰਜ਼ੀਆਂ ਭੇਜਣ ਦੀ ਆਖਰੀ ਤਰੀਕ: 14 ਫ਼ਰਵਰੀ 2025**

ਆਰਟਸ ਪ੍ਰੈਕਟਿਸ ਪ੍ਰੋਗਰਾਮ ਅਜਿਹੇ ਪ੍ਰੋਜੈਕਟ ਅਮਲ ਵਿਚ ਲਿਆਉਣਾ ਚਾਹੁੰਦਾ ਹੈ, ਜਿਹੜੇ ਕਲਾਕਾਰਾਂ ਦੀ ਮੌਜੂਦਾ ਕਾਰਗੁਜਾਰੀ ਦੀ ਰੇਂਜ ਨੂੰ ਨਵੀਆਂ ਦਿਸ਼ਾਵਾਂ ਦੇਣ। ਇਹ ਕਲਾਕਿਰਤਾਂ ਬਣਾਉਣ ਦੀਆਂ ਪਿਰਤਾਂ ਨੂੰ ਸਵਾਲ ਕਰਨ ਵਾਲ਼ੇ ਹੋ ਸਕਦੇ ਹਨ; ਜਿਨ੍ਹਾਂ ਨਾਲ਼ ਕੌਂਟੈਂਟ(ਤੱਤ), ਫਾਰਮ(ਸ਼ਕਲ), ਅਤੇ ਮਾਧਿਅਮ ਦੀਆਂ ਹੱਦਾਂ ਵਧਾਈਆਂ ਜਾਣ; ਸਪੇਸ, ਦਰਸ਼ਕਾਂ ਅਤੇ ਬਿਰਾਦਰੀਆਂ ਨਾਲ਼ ਸੰਵਾਦ ਦੇ ਨਵੇਂ ਤਰੀਕੇ ਖੋਜਦਿਆਂ ਤਜ਼ਰਬੇਕਾਰ ਸਪਿਰਿਟ ਨੂੰ ਅੱਗੇ ਲਿਆਂਦਾ ਜਾਵੇ।

**ਆਰਟਸ ਪਲੈਟਫੌਰਮ ( ਕਲਾ ਮੰਚ )**:

ਬਹੁਤ ਵਾਰ ਕਲਾਕਾਰਾਂ ਨੂੰ ਲੋੜ ਮਹਿਸੂਸ ਹੁੰਦੀ ਹੈ ਕਿ ਉਹ ਇਕੱਠੇ ਹੋ ਕੇ, ਆਪਸੀ ਸਾਂਝ ਵਧਾਉਂਦੇ ਹੋਏ ਕਲਾ ਖੇਤਰ ਵਿਚ ਸਮੂਹਿਕ ਹੰਭਲੇ ਦੀ ਅਲਖ ਜਗਾ ਸਕਣ। ਅਜਿਹੇ ਮੰਚ ਹਮਖਿਆਲੀ ਗੁਟਾਂ ਅਤੇ ਸੁਹਜਵਾਨ ਧਿਰਾਂ ਨੂੰ ਵਿਚਾਰ ਵਟਾਂਦਰੇ ਅਤੇ ਸਰਬਪੱਖੀ ਵਿਕਾਸ ਲਈ ਸੋਮੇ ਅਤੇ ਸਪੇਸ ਮੁਹਈਆ ਕਰਦੇ ਹਨ। ਅਜਿਹੇ ਨੈਟਵਰਕ ਤਰੱਕੀਪਸੰਦ ਕਲਾਕਾਰਾਂ ਨੂੰ ਸਿਆਸੀ ਸਮਾਜੀ ਘਟਨਾਵਾਂ ਦੇ ਜਵਾਬ ਦੇਣ ਲਈ, ਕਲਾ ਅਭਿਆਸਾਂ ਲਈ ਸਸਟੇਨੇਬਲ ਫਰੇਮਵਰਕ ਬਨਾਉਣ ਲਈ, ਅਤੇ ਤਕੜੀਆਂ ਕਲਾ ਕਮਿਊਨਿਟੀਜ ਬਣਾਉਣ ਦੇ ਯੋਗ ਬਣਾ ਸਕਦੇ ਹਨ। ਸਾਂਝੀ ਮਾਲਕੀ ਨੂੰ ਹੱਲਾਸ਼ੇਰੀ ਦੇ ਕੇ ਅਤੇ ਸੋਮਿਆਂ ਨੂੰ ਇਕੱਠੇ ਕਰ ਕੇ, ਆਰਟਸ ਪਲੈਟਫੌਰਮ ਸਿਰਜਣਾ ਦੇ ਅਜਿਹੇ ਈਕੋਸਿਸਟਮ ਨੂੰ ਤਿਆਰ ਕਰਦਾ ਹੈ, ਜਿਸ ਵਿਚ ਸਭ ਦੀ ਹਿੱਸੇਦਾਰੀ, ਸ਼ਹਿਣਸ਼ੀਲਤਾ ਅਤੇ ਲੰਬੇ ਸਮੇਂ ਦੇ ਪ੍ਰਭਾਵਾਂ ਨੂੰ ਤਰਜੀਹ ਦਿੱਤੀ ਜਾਵੇ, ਇਹ ਨਿਸ਼ਚਿਤ ਕਰਦੇ ਹੋਏ ਕਿ ਕਲਾ ਅਭਿਆਸਾਂ ਨੂੰ ਬਦਲਦੇ ਸਮਿਆਂ ਦੇ ਹਾਣ ਦੇ ਕੀਤਾ ਜਾ ਸਕਦਾ ਹੋਵੇ। ਇਹ ਖੋਜ, ਸਾਂਝ, ਅਤੇ ਇਕੱਠ ਦੀ ਤਾਕਤ ਦੀ ਕਦਰ ਕਰਦਾ ਹੈ।

ਆਰਟਸ ਪ੍ਰੈਕਟਿਸ ਪ੍ਰੋਗਰਾਮ ਤਹਿਤ ਅਸੀਂ ***ਆਰਟਸ ਪਲੈਟਫੌਰਮ*** ਲਈ ਪ੍ਰਸਤਾਵ ਅਰਜ਼ੀਆਂ ਦਾ ਸੱਦਾ ਦਿੰਦੇ ਹਾਂ। ਅਜਿਹੇ ਉੱਦਮ ਜਿਹੜੇ ਨੈੱਟਵਰਕ ਜਾਂ ਸਪੇਸ ਬਨਾਉਣ – ਭੌਤਿਕ ਜਾਂ ਹੋਰ ਤਰ੍ਹਾਂ ਦੇ – ਜਿਸ ਨਾਲ਼ ਇੱਕੋ ਵਿਧਾ ਦੇ ਜਾਂ ਹੋਰ ਵਿਧਾਵਾਂ ਦੇ ਕਲਾਕਾਰਾਂ ਵਿਚ ਸਾਂਝੀ ਜ਼ਮੀਨ ਬਣੇ ਅਤੇ ਉਹਨਾਂ ਵਿਚਲੀ ਸਾਂਝੀਵਾਲਤਾ ਵਧੇ, ਉਹਨਾਂ ਦੇ ਅਭਿਆਸਾਂ ਦੀ ਕਲਾਤਮਕਿਤਾ ਅਤੇ ਕਾਰਜਸ਼ੀਲਤਾ ਵਧੇ।

**ਪ੍ਰੋਜੈਕਟ ਦੀ ਮਿਆਦ:** 12 ਮਹੀਨੇ ਤੱਕ

**ਬਜਟ:** ਵੱਧ ਤੋਂ ਵੱਧ 3, 00, 000 ਰੁਪਏ
(ਤੁਸੀਂ ਭੱਤੇ ਦੀ ਮੰਗ ਕਰ ਸਕਦੇ ਹੋ, ਜੋ ਕੇ ਪ੍ਰਸਤਾਵਿਤ ਬਜਟ ਦੇ 30% ਤੋਂ ਵੱਧ ਨਹੀਂ ਹੋਣਾ ਚਾਹੀਦਾ)

Classified as Private

**ਕੈਲੰਡਰ:** ਅਰਜ਼ੀਆਂ ਭੇਜੇ ਜਾਣ ਦੀ ਆਖਰੀ ਤਰੀਕ **14 ਫਰਵਰੀ 2025** ਹੈ।

**ਪ੍ਰਸਤਾਵ ਕੌਣ ਭੇਜ ਸਕਦੇ ਹਨ**?

ਪ੍ਰੋਗਰਾਮ ਕਿਸੇ ਵੀ ਵਿਧਾ ਦੇ ਵਿਚ ਜਾਂ ਵੱਖ-ਵੱਖ ਵਿਧਾਵਾਂ ਵਿਚ ਕੰਮ ਕਰਨ ਵਾਲਿਆਂ ਤੋਂ ਪ੍ਰਸਤਾਵਾਂ ਦੀ ਮੰਗ ਕਰਦਾ ਹੈ। ਇਹਨਾਂ ਵਿਚ

- ਪ੍ਰਫੌਰਮਿੰਗ ਕਲਾਕਾਰ ਜੋ ਸੰਗੀਤ, ਧੂਨੀ, ਲਿਖਤ, ਨਾਚ, ਮੂਵਮੈਂਟ, ਰੰਗਮੰਚ, ਪੁਤਲੀਤਮਾਸ਼ਾ, ਕਥਾਕਾਰੀ, ਜਾਦੂ, ਸਰਕਸ ਜਾਂ ਹੋਰਨਾਂ ਪ੍ਰਫੌਰਮੈਂਸ ਦੀਆਂ ਕਲਾਵਾਂ ਵਿਚ ਕੰਮ ਕਰਨ ਵਾਲੇ
- ਵਿਜੁਅਲ(ਦ੍ਰਿਸ਼) ਕਲਾਕਾਰ ਜੋ ਫ਼ਿਲਮ(ਦਸਤਾਵੇਜ਼ੀ ਜਾਂ ਕਾਲਪਨਿਕ), ਐਨੀਮੇਸ਼ਨ, ਫ਼ੋਟੋਗਰਾਫੀ, ਇੰਸਟਾਲੇਸ਼ਨ, ਨਵਾਂ ਮੀਡੀਆ, ਕਰਿਏਟਿਵ ਕੋਡਿੰਗ, ਆਰਟੀਫੀਸ਼ੀਅਲ ਇੰਟੈਲੀਜੈਂਸ, ਰੋਬੋਟਿਕਸ, ਇੰਟਰਐਕਟਿਵ ਆਰਟਸ, ਗੇਮਿੰਗ/ ਕੌਨਸੈਪਟ ਆਰਟ, ਚਿਤਰਕਲਾ, ਬੁੱਤਤਰਾਸ਼ੀ, ਪਰਿੰਟਮੇਕਿੰਗ, ਕੌਮਿਕ ਕਿਤਾਬਾਂ, ਗਰਾਫ਼ਿਕ ਬਿਰਤਾਂਤਾਂ, ਕਲਾ ਕਿਤਾਬਾਂ ਜਾਂ ਹੋਰ ਦ੍ਰਿਸ਼ ਕਲਾਵਾਂ ਵਿਚ ਕੰਮ ਕਰਨ ਵਾਲੇ
- ਕਿਊਰੇਟਰ, ਖਾਸ ਤੌਰ ‘ਤੇ ਉਹ ਜੋ ਗੈਲਰੀ ਦੇ ਬਾਹਰ ਕੰਮ ਕਰਦੇ ਹਨ
- ਕਵੀ, ਨਾਵਲਕਾਰ, ਕਹਾਣੀਕਾਰ, ਨਾਟਕਕਾਰ, ਫ਼ਿਲਮ ਸਕਰਿਪਟ ਲੇਖਕ, ਕੌਮਿਕ ਲੇਖਕ, ਗੇਮ ਲੇਖਕ, ਲੇਖਕ ਜੋ ਸਾਹਿਤਕਲਾ ਵਿਚ ਕੰਮ ਕਰਦੇ ਹਨ
- ਕਈ ਵਿਧਾਵਾਂ ਵਿਚ ਕੰਮ ਕਰਨ ਵਾਲੇ ਕਲਾਕਾਰ

**ਯੋਗਤਾ**:

ਜੇ ਤੁਸੀਂ ਭਾਰਤੀ ਨਾਗਰਿਕ ਹੋ ਤਾਂ ਪ੍ਰੋਜੈਕਟ ਪ੍ਰਸਤਾਵ ਭੇਜ ਸਕਦੇ ਹੋ। ਤੁਹਾਡੇ ਸਹਿਯੋਗੀ ਵੀ ਭਾਰਤੀ ਹੋਣੇ ਚਾਹੀਦੇ ਹਨ। ਜਿਆਦਾ ਜਾਣਕਾਰੀ ਲਈ, ਇੱਥੇ ਕਲਿੱਕ ਕਰੋ

**ਪ੍ਰਸਤਾਵ ਸਬਮਿਸ਼ਨ:**

ਪ੍ਰਸਤਾਵ ਅੰਗਰੇਜ਼ੀ ਜਾਂ ਕਿਸੇ ਵੀ ਹੋਰ ਭਾਰਤੀ ਬੋਲੀ ਵਿਚ ਲਿਖਿਆ ਜਾ ਸਕਦਾ ਹੈ। ਆਈ.ਐਫ.ਏ. ਅੰਗਰੇਜ਼ੀ ਤੋਂ ਇਲਾਵਾ ਬਾਕੀ ਭਾਰਤੀ ਬੋਲੀਆਂ ਵਿਚਲੇ ਪ੍ਰਜੈਕਟਾਂ ਦੀ ਹੌਸਲਾ ਅਫ਼ਜ਼ਾਈ ਕਰਦਾ ਹੈ। ਤੁਸੀਂ ਆਈ.ਐਫ਼.ਏ. ਸਟਾਫ਼ ਤੋਂ ਜਵਾਬ ਵਾਸਤੇ ਆਪਣੇ ਸਵਾਲ ਜਾਂ ਮੁੱਢਲੇ ਵਿਚਾਰ ਲਿਖਤੀ, ਆਡੀਓ ਜਾਂ ਵੀਡੀਓ ਰੂਪ ਵਿਚ **7 ਫਰਵਰੀ 2025** ਤੋਂ ਪਹਿਲਾਂ ਭੇਜ ਸਕਦੇ ਹੋ।

ਆਪਣੀਆਂ ਅਰਜ਼ੀਆਂ ਹੇਠ ਲਿਖਿਆਂ ਸਮੇਤ ਭੇਜੋ:

- ਬਤੌਰ ਕਲਾਕਾਰ ਤੁਹਾਡੀ ਹੁਣ ਤੱਕ ਦੇ ਕਲਾ ਅਭਿਆਸ ਦੇ ਵਿਸ਼ੇ ਅਤੇ ਦਿਲਚਸਪੀ
- ਆਰਟਸ ਪਲੈਟਫੌਰਮ ਬਨਾਉਣ ਵਾਸਤੇ ਤੁਹਾਡੀ ਪ੍ਰੇਰਣਾ

Classified as Private

- ਜੋ ਆਰਟਸ ਪਲੈਟਫੌਰਮ ਬਨਾਉਣਾ ਚਾਹੁੰਦੇ ਹੋ ਦਾ ਵੇਰਵਾ, ਕਿਉਂ ਬਨਾਉਣਾ ਚਾਹੁੰਦੇ ਹੋ ਕਾਰਨ, ਸਾਥੀਆਂ ਸਹਿਯੋਗੀਆਂ ਦਾ ਵੇਰਵਾ, ਅਤੇ ਨੈੱਟਵਰਕ, ਸਪੇਸ, ਜਗ੍ਹਾ ਦਾ ਵੇਰਵਾ ਜਿਥੇ ਤੁਸੀਂ ਇਹ ਬਨਾਉਣਾ ਚਾਹੁੰਦੇ ਹੋ
- ਟਾਈਮਲਾਈਨ ਦਾ ਵੇਰਵਾ
- ਬਜਟ ਦਾ ਵੇਰਵਾ
- ਪਹਿਲਾਂ ਕੀਤੇ ਕੰਮਾਂ ਦੀਆਂ ਉਦਾਹਰਨਾਂ, ਜਿਹੜੀਆਂ ਅਰਜ਼ੀ ਨਾਲ਼ ਸੰਬੰਧਿਤ ਹੋਣ
- ਤੁਹਾਡੇ ਪਤੇ, ਫ਼ੋਨ ਨੰਬਰ ਅਤੇ ਈਮੇਲ ਆਈ ਡੀ ਸਮੇਤ ਤੁਹਾਡਾ ਸੀ ਵੀ

ਤੁਸੀਂ ਆਈ.ਐਫ਼.ਏ. ਸਟਾਫ਼ ਤੋਂ ਜਵਾਬ ਵਾਸਤੇ ਆਪਣੇ ਸਵਾਲ ਜਾਂ ਮੁੱਢਲੇ ਵਿਚਾਰ ਲਿਖਤੀ, ਆਡੀਓ ਜਾਂ ਵੀਡੀਓ ਰੂਪ ਵਿਚ ਭੇਜ ਸਕਦੇ ਹੋ। ਪਰ ਮੁਕੰਮਲ ਪ੍ਰਸਤਾਵ ਲਿਖਤੀ ਹੀ ਹੋਣੇ ਚਾਹੀਦੇ ਹਨ।

ਆਪਣੇ ਮੁਕੰਮਲ ਪ੍ਰਸਤਾਵ ਜੌਨ ਜ਼ੇਵੀਅਰਜ, ਪ੍ਰੋਗਰਾਮ ਅਫਸਰ, ਆਰਟਸ ਪ੍ਰੈਕਟਿਸ ਨੂੰ john@indiaifa.org ਤੇ ਭੇਜੋ; ਈਮੇਲ ਦਾ ਵਿਸ਼ਾ ਇਹ ਹੋਣਾ ਚਾਹੀਦਾ ਹੈ: **ਆਰਟਸ ਪਲੈਟਫੌਰਮ (ਆਰਟਸ ਪ੍ਰੈਕਟਿਸ) ਲਈ ਪ੍ਰੋਜੈਕਟ ਪ੍ਰੋਪੋਜਲ**। ਆਪਣੇ ਪ੍ਰਸਤਾਵ ਬਾਰੇ ਕਿਸੇ ਵੀ ਸਵਾਲ ਜਾਂ ਪੁੱਛਗਿਛ ਲਈ ਵੀ ਉਹਨਾਂ ਨੂੰ ਲਿਖ ਸਕਦੇ ਹੋ ।

ਜਰੂਰੀ ਤਰੀਕਾਂ:

- ਅਰਜ਼ੀਆਂ ਭੇਜੇ ਜਾਣ ਦੀ ਆਖਰੀ ਤਰੀਕ **14 ਫਰਵਰੀ 2025** ਹੈ।
- ਪ੍ਰੋਜੈਕਟ ਜੂਨ/ ਜੁਲਾਈ 2025 ਤੋਂ ਛੇ ਮਹੀਨਿਆਂ ਲਈ ਸ਼ੁਰੂ ਹੋ ਜਾਵੇਗਾ।

**ਸਾਰੇ ਦੇ ਸਾਰੇ ਚੁਣੇ ਹੋਏ ਪ੍ਰੋਜੈਕਟ ਆਈ.ਐਫ.ਏ. ਵੱਲੋਂ ਲਾਗੂ ਕੀਤੇ ਜਾਣਗੇ।**

**ਯਾਦ ਰਹੇ ਕਿ ਆਈ.ਐਫ਼.ਏ. ਇਕ ਸੁਰੱਖਿਅਤ ਮਹੌਲ਼ ਸਿਰਜਣ ਲਈ ਵਚਨਬੱਧ ਹੈ ਜਿਸ ਵਿਚ ਬਾਲ ਬੱਚਿਆਂ ਸਮੇਤ ਹਰੇਕ ਦੀ ਸੁਰੱਖਿਆ, ਦੇਖਭਾਲ਼ ਅਤੇ ਇੱਜ਼ਤ ਹੋਵੇ। ਬਿਨੈਕਾਰ ਇਸ ਵਚਨਬੱਧਤਾ ਦਾ ਧਾਰਨੀ ਹੋਵੇ ਅਤੇ ਹਰ ਵੇਲ਼ੇ ਇਸ ਦੀ ਪੈਰਵਾਈ ਕਰੇ।**